ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਮੀਮੋ ਨੰ ਸਸਅ/ਐਡਮਿਨ/09/**68487**
ਮਿਤੀ ਚੰਡੀਗੜ੍ਹ **22, ਸਤੰਬਰ, 2009**

ਵਿਸ਼ਾ ਐਸਿਸਟੈਂਟ ਬਲਾਕ ਕੋਆਰਡੀਨੇਟਰ ਅਤੇ ਬਲਾਕ ਆਫਿਸ ਐਸਿਸਟੈਂਟ ਦੇ ਕੰਮਾਂ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰ ਐਸ.ਓ. /09/30425 -30444 ਮਿਤੀ 27.2.2009 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੀਆਂ ਕੁੱਝ ਮੀਟਿੰਗਾਂ ਤੋਂ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਰਾਜ ਦੇ ਸਾਰੇ ਬਲਾਕਾਂ ਵਿੱਚ ਸਹਾਇਕ ਬਲਾਕ ਕੋਆਰਡੀਨੇਟਰਜ਼ ਅਤੇ ਬਲਾਕ ਆਫਿਸ ਅਸਿਸਟੈਂਟ ਦੀ ਨਿਯੁਕਤੀ ਕਰਨ ਤੇ ਵੀ ਬਲਾਕਾਂ ਦਾ ਕੰਮ ਠੀਕ ਢੰਗ ਨਾਲ ਨਹੀਂ ਕਰਵਾਇਆ ਜਾ ਰਿਹਾ ਹੈ । ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਇਹ ਕਰਮਚਾਰੀ ਬੀ.ਪੀ.ਈ.ਓ. ਵੱਲੋਂ ਦਿੱਤੇ ਗਏ ਕੰਮ ਨੂੰ ਕਰਨ ਤੋ ਇਹ ਕਹਿ ਕੇ ਨਾਂਹ ਕਰ ਦਿੰਦੇ ਹਨ ਕਿ ਇਹ ਕੰਮ ਉਹਨਾਂ ਦੇ ਨਾਲ ਸੰਬੰਧਤ ਨਹੀਂ ਹੈ ।

3.0 ਇਸ ਪੂਰੇ ਮੁੱਦੇ ਨੂੰ ਮੁੱਖ ਦਫਤਰ ਵਿੱਚ ਬੜੀ ਡੂੰਘਾਈ ਨਾਲ ਵਿਚਾਰਿਆ ਗਿਆ ਹੈ ਅਤੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਐਸਿਸਟੈਂਟ ਬਲਾਕ ਕੋਆਰਡੀਨੇਟਰ ਅਤੇ ਬਲਾਕ ਆਫਿਸ ਐਸਿਸਟੈਂਟ ਨੂੰ ਦਫਤਰ ਦੀ ਲੋੜ ਅਨੁਸਾਰ ਬੀ.ਪੀ.ਈ.ਓ. ਕੋਈ ਵੀ ਕੰਮ ਦੇ ਸਕਦੇ ਹਨ । ਪਰੰਤੂ ਇਸ ਗੱਲ ਦਾ ਵੀ ਖਿਆਲ ਰੱਖਿਆ ਜਾਵੇ ਕਿ ਬੀ.ਪੀ.ਈ.ਓ. ਦਫਤਰ ਵਿੱਚ ਤੈਨਾਤ ਕੀਤੇ ਹੋਰ ਕਰਮਚਾਰੀ ਵਿਹਲੇ ਨਾ ਬੈਠਣ ।

4.0 ਇਸ ਤੋਂ ਇਲਾਵਾ ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਐਸਿਸਟੈਂਟ ਬਲਾਕ ਕੋਆਰਡੀਨੇਟਰਜ਼ ਪਾਸ ਜ਼ਿਆਦਾ ਕੰਮ ਹੈ ਅਤੇ ਬਲਾਕ ਆਫਿਸ ਐਸਿਸਟੈਂਟ ਨੂੰ ਘੱਟ ਕੰਮ ਦਿੱਤਾ ਗਿਆ ਹੈ । ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਹਾਇਕ ਬਲਾਕ ਕੋਆਰਡੀਨੇਟਰ ਨੂੰ ਕੰਪਿਊਟਰ ਦਾ ਗਿਆਨ ਹੋਣਾ ਲਾਜ਼ਮੀ ਹੈ ਅਤੇ ਬਲਾਕ ਆਫਿਸ ਐਸਿਸਟੈਂਟ ਦੇ ਕੰਮ ਦੀ ਬਹੁਤਾਤ ਨੂੰ ਵੇਖਦੇ ਹੋਇਆਂ, ਬੀ.ਪੀ.ਈ.ਓ. ਦਫਤਰ ਦੇ ਕੰਮ ਦੀ ਵੰਡ ਆਪਣੀ ਪੱਧਰ ਤੇ ਕਰ ਸਕਦੇ ਹਨ । ਇਸ ਤੋਂ ਇਲਾਵਾ ਸਹਾਇਕ ਬਲਾਕ ਕੋਆਰਡੀਨੇਟਰ ਇਹ ਯਕੀਨੀ ਬਣਾਉਣਗੇ ਕਿ ਉਹ ਹਰ ਰੋਜ਼ ਸਵੇਰੇ ਵਿਭਾਗ ਦੀ ਵੈੱਬ ਸਾਈਟ www.ssapunjab.org ਖੋਲ੍ਹ ਕੇ ਵੇਖਣਗੇ ਅਤੇ ਵਿਭਾਗ ਵੱਲੋਂ ਜਾਰੀ ਕੀਤੀਆ ਹਦਾਇਤਾਂ ਨੂੰ ਬੀ.ਪੀ.ਈ.ਓ. ਦੇ ਧਿਆਨ ਵਿੱਚ ਲਿਆਉਣਗੇ ਅਤੇ ਜੋ ਵੀ ਈ.ਮੇਲਜ਼ ਉਨ੍ਹਾਂ ਨੂੰ ਆਉਂਦੀਆਂ ਹਨ, ਨੂੰ ਤੁਰੰਤ ਬੀ.ਪੀ.ਈ.ਓ. ਦੇ ਧਿਆਨ ਵਿੱਚ ਲਿਆਉਣ ਉਪਰੰਤ ਲੋੜੀਂਦੀ ਕਾਰਵਾਈ ਕਰਨਗੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :

1. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
2. ਡੀ.ਐਮ. ਐਮ.ਆਈ.ਐਸ. (ਵੈੱਬ ਸਾਈਟ ਲਈ )